# ਪੰਜਾਬ ਸਕੂਲ ਸਿੱਖਿਆ ਬੋਰਡ

## ਮੈਟ੍ਰਿਕੁਲੇਸ਼ਨ (X) ਪਰੀਖਿਆ, ਮਾਰਚ 2012 ਦੇ ਵਾਧੂ ਵਿਸ਼ਾ/ਰੀ-ਅਪੀਅਰ/ਕਾਰਗੁਜਾਰੀ ਸੁਧਾਰ ਵਾਲੇ ਪਰੀਖਿਆਰਥੀਆਂ ਲਈ ਪਾਸ ਫਾਰਮੂਲਾ

ਹਰ ਪਰੀਖਿਆਰਥੀ ਨੇ ਇਹ ਪਰੀਖਿਆ ਪਾਸ ਕਰਨ ਲਈ ਹੇਠ ਲਿਖੇ ਅਨੁਸਾਰ ਸ਼ਰਤਾਂ ਪੂਰੀਆਂ ਕਰਨੀਆਂ ਹਨ :-

(1) ਕੁੱਲ ਵਿਸ਼ੇ 9 ਹਨ ਜੋ ਹੇਠ ਦਰਜ਼ ਅਨੁਸਾਰ ਹਨ :-

ਪੰਜਾਬੀ ਜਾਂ ਪੰਜਾਬ ਦਾ ਇਤਿਹਾਸ ਅਤੇ ਸਭਿਆਚਾਰ, ਅੰਗਰੇਜ਼ੀ, ਹਿੰਦੀ, ਗਣਿਤ, ਵਿਗਿਆਨ, ਸਮਾਜਿਕ ਸਿੱਖਿਆ, ਸਿਹਤ ਤੇ ਸਰੀਰਕ ਸਿੱਖਿਆ ਕੰਪਿਊਟਰ ਸਾਇੰਸ ਅਤੇ ਚੋਣਵਾਂ ਵਿਸ਼ਾ (ਕੋਈ ਇੱਕ) ਭਾਵ (ਮਕੈਨੀਕਲ ਡਰਾਇੰਗ ਤੇ ਚਿੱਤਰਕਲਾ, ਕਟਿੰਗ ਅਤੇ ਟੇਲਰਿੰਗ, ਸੰਗੀਤ (ਗਾਇਨ), ਸੰਗੀਤ (ਵਾਦਨ), ਸੰਗੀਤ (ਤਬਲਾ), ਗ੍ਰਹਿ ਵਿਗਿਆਨ, ਕੰਪਿਊਟਰ ਸਿੱਖਿਆ, ਖੇਤੀਬਾੜੀ, ਸੰਸਕ੍ਰਿਤ, ਉਰਦੂ, ਬੰਗਲਾ, ਮਰਾਠੀ, ਗੁਜਰਾਤੀ, ਤੇਲਗੂ, ਤਾਮਿਲ, ਮਲਿਆਲਮ, ਉੜੀਆ, ਅਸਾਮੀ, ਕੰਨੜ, ਫਾਰਸੀ, ਅਰਬੀ, ਨਿਪਾਲੀ, ਤਿਬਤੀ, ਜਰਮਨ, ਪੁਰਤਗੇਜ਼ੀ, ਰੂਸੀ, ਕੋਰੀਅਨ ਅਤੇ ਪਰੀ-ਵੋਕੇਸ਼ਨਲ ਵਿਸ਼ਿਆਂ ਆਦਿ ਵਿੱਚੋਂ)

(2) ਵਾਧੂ ਵਿਸ਼ੇ ਵਾਲੇ ਪਰੀਖਿਆਰਥੀਆਂ ਨੂੰ ਪਾਸ ਹੋਣ ਲਈ ਵੱਖੋ-ਵੱਖਰੇ (ਲਿਖਤੀ ਅਤੇ ਪ੍ਰਯੋਗੀ) ਵਿਸ਼ੇ/ਵਿਸ਼ਿਆਂ ਵਿੱਚ 33% ਅੰਕ ਪ੍ਰਾਪਤ ਕਰਨੇ ਜਰੂਰੀ ਹਨ। ਇਸ ਕੈਟਾਗਰੀ ਅਧੀਨ ਪਰੀਖਿਆ ਦੇਣ ਵਾਲੇ ਪਰੀਖਿਆਰਥੀਆਂ ਨੂੰ ਅਪੀਅਰ ਹੋਏ ਵਿਸ਼ਿਆਂ ਦੇ ਕੁੱਲ ਅੰਕਾਂ ਦੀ 1% ਗਰੇਸ ਦਿੱਤੀ ਜਾਵੇਗੀ। ਇਸ ਪਰੀਖਿਆ ਲਈ ਅੰਕਾਂ ਦੀ ਵੰਡ ਸਾਲ 2011-12 ਵਾਲੀ ਹੋਵੇਗੀ। ਇਸ ਪਰੀਖਿਆ ਵਿੱਚੋਂ ਪ੍ਰਾਪਤ ਅੰਕਾਂ ਨੂੰ ਵਿਸ਼ਾਵਾਰ ਅਨੁਪਾਤਕ ਤੌਰ (Proportionately) ਤੇ ਵਧਾਕੇ ਦਰਸਾਇਆ ਜਾਵੇਗਾ।

(3) ਵਾਧੂ ਵਿਸ਼ੇ ਦੇ ਪਰੀਖਿਆਰਥੀ ਨੂੰ ਪ੍ਰਯੋਗੀ ਪਰੀਖਿਆ ਵਾਲੇ ਵਿਸ਼ਿਆਂ ਵਿੱਚ ਪਹਿਲਾਂ ਪਾਸ ਕੀਤੀ ਪ੍ਰਯੋਗੀ ਪਰੀਖਿਆ ਵਿੱਚ ਪ੍ਰਾਪਤ ਅੰਕਾਂ ਦਾ ਲਾਭ ਨਹੀਂ ਦਿੱਤਾ ਜਾਵੇਗਾ, ਭਾਵ ਪ੍ਰਯੋਗੀ ਪਰੀਖਿਆ ਦੇ ਨਵੇਂ ਪ੍ਰਾਪਤ ਅੰਕ ਹੀ ਮੰਨੇ ਜਾਣਗੇ।

(4)(ੳ) ਜਿਹੜੇ ਪਰੀਖਿਆਰਥੀ ਰੀ-ਅਪੀਅਰ ਕੈਟਾਗਰੀ ਅਧੀਨ ਪਰੀਖਿਆ ਦਿੰਦੇ ਹਨ, ਭਾਵੇ ਉਹਨਾਂ ਨੇ ਰੀ-ਅਪੀਅਰ ਗਰੇਸ ਅੰਕ ਲੈ ਕੇ ਪ੍ਰਾਪਤ ਕੀਤੀ ਹੋਵੇ, ਉਹਨਾਂ ਨੂੰ ਇਹ ਵਿਸ਼ਾ/ਵਿਸ਼ੇ ਪਾਸ ਕਰਨ ਲਈ ਅਪੀਅਰ ਹੋਏ ਵਿਸ਼ਿਆਂ ਦੇ ਕੁੱਲ ਅੰਕਾਂ ਦਾ 1% ਤੱਕ ਗਰੇਸ ਅੰਕ ਪਾਸ ਹੋਣ ਲਈ ਦਿੱਤੇ ਜਾਣਗੇ।

(ਅ) ਪਹਿਲੇ ਸਮੈਸਟਰ, ਸਤੰਬਰ 2010 ਅਤੇ ਦੂਜੇ ਸਮੈਸਟਰ ਮਾਰਚ 2011 ਵਿੱਚ ਜਿਨ੍ਹਾਂ ਪਰੀਖਿਆਰਥੀਆਂ ਦਾ ਨਤੀਜਾ ਰੀ-ਅਪੀਅਰ ਘੋਸ਼ਿਤ ਹੋਇਆ ਹੈ, ਉਨ੍ਹਾਂ ਦੇ ਇਸ ਪਰੀਖਿਆ ਵਿੱਚ ਪ੍ਰਾਪਤ ਅੰਕਾਂ ਨੂੰ ਅਨੁਪਾਤਕ ਤੌਰ ਤੇ (Proportionately) ਕਰਕੇ ਦਰਸਾਇਆ ਜਾਵੇਗਾ। ਅਨੁਪਾਤਕ ਤੌਰ ਤੇ ਡੈਸੀਮਲ ਵਿੱਚ ਪ੍ਰਾਪਤ ਅੰਕ ਨੂੰ ਅਗਲੇ ਅੰਕ ਵਿੱਚ ਰਾਊਂਡ-ਅੱਪ ਕੀਤਾ ਜਾਵੇਗਾ ।

(ੲ) ਜਿਨ੍ਹਾਂ ਰੀ-ਅਪੀਅਰ ਪਰੀਖਿਆਰਥੀਆਂ ਨੇ ਆਪਣੇ ਦਾਖਲਾ ਫਾਰਮ ਵਿੱਚ ਮੁੜ ਪ੍ਰਯੋਗੀ ਪਰੀਖਿਆ ਦੇਣ ਦੀ ਆਪਸ਼ਨ ਦਿੱਤੀ ਹੈ, ਕੇਵਲ ਉਹਨਾਂ ਦੇ ਹੀ ਨਵੇਂ ਅੰਕ ਮੰਨੇ ਜਾਣਗੇ, ਨਹੀਂ ਤਾਂ ਉਹਨਾਂ ਦੇ ਪਹਿਲਾਂ ਵਾਲੇ ਹੀ ਅੰਕ ਰੱਖੇ ਜਾਣਗੇ।

(ਸ) ਜਿਨ੍ਹਾਂ ਪਰੀਖਿਆਰਥੀਆਂ ਨੇ ਰੀ-ਅਪੀਅਰ ਦੀ ਪਰੀਖਿਆ ਦਿੱਤੀ ਹੈ, ਉਹਨਾਂ ਪਰੀਖਿਆਰਥੀਆਂ ਦੇ ਇਨਟਰਨਲ ਅਸੈਸਮੈਂਟ/ਸੀ. ਸੀ. ਈ. ਦੇ ਅੰਕ ਪਹਿਲਾਂ ਵਾਲੇ ਹੀ ਮੰਨੇ ਜਾਣਗੇ।

(ਹ) ਜਿਨ੍ਹਾਂ ਪਰੀਖਿਆਰਥੀਆਂ ਦਾ, ਸਤੰਬਰ 2010 ਅਤੇ ਮਾਰਚ 2011 ਦੀ ਪਹਿਲੇ ਸਮੈਸਟਰ ਅਤੇ ਦੂਜੇ ਸਮੈਸਟਰ ਦੀ ਪਰੀਖਿਆ ਵਿੱਚ ਨਤੀਜਾ ਰੀ-ਅਪੀਅਰ ਘੋਸ਼ਿਤ ਹੋਇਆ ਹੈ ਅਤੇ ਉਨ੍ਹਾਂ ਨੇ ਦਿੱਤੇ ਗਏ ਮੌਕਿਆਂ ਵਿੱਚ ਰੀ-ਅਪੀਅਰ ਦੀ ਪਰੀਖਿਆ ਪਾਸ ਨਹੀਂ ਕੀਤੀ, ਉਨ੍ਹਾਂ ਦਾ Cummulative ਨਤੀਜਾ ਫੇਲ੍ਹ ਘੋਸ਼ਿਤ ਕੀਤਾ ਜਾਵੇਗਾ।

(ਕ) ਜਿਨ੍ਹਾਂ ਪਰੀਖਿਆਰਥੀਆਂ ਨੇ, ਸਤੰਬਰ 2010 ਅਤੇ ਮਾਰਚ 2011 ਦੀ ਪਰੀਖਿਆ ਲਾਜ਼ਮੀ ਵਿਸ਼ਿਆਂ ਵਿੱਚ ਪਾਸ ਕੀਤੀ ਹੈ, ਪਰ ਗਰੇਡਿੰਗ ਵਾਲੇ ਵਿਸ਼ਿਆਂ ਵਿੱਚ ਗੈਰ ਹਾਜ਼ਰ ਸਨ, ਜੇਕਰ ਉਹ ਗਰੇਡਿੰਗ ਵਾਲੇ ਵਿਸ਼ਿਆਂ ਦੀ

ਪਰੀਖਿਆ ਦਿੱਤੇ ਗਏ ਲਗਾਤਾਰ ਦੋ ਮੌਕਿਆਂ ਵਿੱਚ ਗਰੇਡ ਪ੍ਰਾਪਤ ਨਹੀਂ ਕਰਦੇ ਤਾਂ ਉਹਨਾਂ ਦਾ ਨਤੀਜਾ ਫ਼ੇਲ੍ਹ ਘੋਸ਼ਿਤ ਕੀਤਾ ਜਾਵੇਗਾ।

(5) 45%, 50% ਅਤੇ 60% ਅੰਕ ਬਣਾਉਣ ਲਈ 1% ਅੰਕਾਂ ਤੱਕ ਗਰੇਸ ਦਿੱਤੀ ਜਾ ਸਕਦੀ ਹੈ ਬਸ਼ਰਤੇ ਕਿ ਪਰੀਖਿਆਰਥੀ ਨੇ ਪਹਿਲਾਂ ਪਾਸ ਹੋਣ ਲਈ ਕੋਈ ਗਰੇਸ ਨਾ ਲਈ ਹੋਵੇ। ਕਾਰਗੁਜਾਰੀ ਵਧਾਉਣ ਲਈ ਗਰੇਸ ਅੰਕ ਅਪੀਅਰ ਹੋਏ ਵਿਸ਼ਿਆਂ ਵਿੱਚ ਹੀ ਦਿੱਤੀ ਜਾਵੇਗੀ।

(6) ਨਤੀਜੇ ਦੇ ਪ੍ਰਾਪਤ ਅੰਕਾਂ ਵਿੱਚ ਕਾਰਗੁਜਾਰੀ ਵਧਾਉਣ ਲਈ:-

(ੳ) ਜਿਨ੍ਹਾਂ ਪਰੀਖਿਆਰਥੀਆਂ ਨੇ ਮੈਟ੍ਰਿਕ ਪਰੀਖਿਆ ਅਕਾਦਮਿਕ ਸਾਲ 2009-2010 ਵਿੱਚ ਪਾਸ ਕੀਤੀ ਹੋਵੇ ਤਾਂ ਉਹ ਆਪਣੇ ਨਤੀਜੇ ਦੀ ਕਾਰਗੁਜਾਰੀ ਵਿੱਚ ਸੁਧਾਰ ਲਈ ਇੱਕ ਜਾਂ ਇੱਕ ਤੋਂ ਵੱਧ ਵਿਸ਼ਿਆਂ ਵਿੱਚ ਅਗਲੇ ਲਗਾਤਾਰ ਦੋ ਸਾਲਾਂ ਵਿੱਚ ਕੇਵਲ ਦੋ ਮੌਕਿਆਂ ਵਿੱਚ ਪਰੀਖਿਆ ਦੇ ਸਕਦਾ ਹੈ, ਬਸ਼ਰਤੇ ਹੈ ਕਿ ਉਸਨੇ ਅਗਲੀ ਉਚੇਰੀ ਪਰੀਖਿਆ ਪਾਸ ਨਾ ਕੀਤੀ ਹੋਵੇ। ਪ੍ਰੰਤੂ ਇਹ ਵੀ ਸ਼ਰਤ ਹੈ ਕਿ ਅਜਿਹੇ ਪਰੀਖਿਆਰਥੀ ਦਾ ਨਤੀਜਾ ਉਸੇ ਸੂਰਤ ਵਿੱਚ ਘੋਸ਼ਿਤ ਕੀਤਾ ਜਾਵੇਗਾ, ਜੇ ਉਹ ਦਿੱਤੀ ਪਰੀਖਿਆ ਦੇ ਵਿਸ਼ੇ/ਵਿਸ਼ਿਆਂ ਵਿੱਚ ਪਹਿਲਾਂ ਨਾਲੋਂ ਪ੍ਰਾਪਤ ਅੰਕਾਂ ਵਿੱਚ ਕੁੱਲ ਅੰਕਾਂ ਦਾ 5% ਵਾਧਾ ਕਰ ਲੈਂਦਾ ਹੈ, ਨਹੀਂ ਤਾਂ ਪਹਿਲਾ ਨਤੀਜਾ ਬਰਕਰਾਰ ਰਹੇਗਾ ਭਾਵ ਪ.ਰ.ਸ। ਨਿਯਮਾਂ ਵਿੱਚ ਦਿੱਤੇ ਉਪਬੰਧ ਅਨੁਸਾਰ ਪ੍ਰਯੋਗੀ ਪਰੀਖਿਆ ਦੁਬਾਰਾ ਦੇਣ ਦੀ ਸੂਰਤ ਵਿੱਚ ਨਵੇਂ ਪ੍ਰਾਪਤ ਅੰਕ, ਨਹੀਂ ਤਾਂ ਪੁਰਾਣੇ ਪ੍ਰਯੋਗੀ ਅੰਕ ਚੁੱਕ ਕੇ ਨਤੀਜਾ ਘੋਸ਼ਿਤ ਕੀਤਾ ਜਾਵੇਗਾ।

(ਅ) ਇਸ ਪਰੀਖਿਆ ਦੇ ਪ੍ਰਾਪਤ ਅੰਕਾਂ ਨੂੰ ਸਾਲ 2009-2010 ਦੀ ਪਰੀਖਿਆ ਦੇ ਵਿਸ਼ੇਵਾਰ ਕੁੱਲ ਅੰਕਾਂ ਵਿੱਚ ਪ੍ਰਾਪਤ ਕੀਤੇ ਅੰਕਾਂ ਅਨੁਸਾਰ ਅਨੁਪਾਤਕ (Proportionate) ਕਰਕੇ ਦਰਸਾਇਆ ਜਾਵੇਗਾ।

(ੲ) ਜਿਨ੍ਹਾਂ ਪਰੀਖਿਆਰਥੀਆਂ ਨੇ ਅਕਾਦਮਿਕ ਸਾਲ 2010-2011 (ਸਮੈਸਟਰ ਪ੍ਰਣਾਲੀ) ਵਿੱਚ ਪਾਸ ਕੀਤੀ ਹੈ। ਉਹਨਾਂ ਪਰੀਖਿਆਰਥੀਆਂ ਦੇ ਪਹਿਲਾਂ ਅਤੇ ਦੂਜੇ ਸਮੈਸਟਰ ਵਿੱਚ ਪ੍ਰਾਪਤ ਕੀਤੇ (ਲਿਖਤੀ) ਅੰਕਾਂ ਵਿੱਚ ਕੁੱਲ ਅੰਕਾਂ ਦਾ 5% ਵਾਧਾ ਕਰ ਲੈਂਦਾ ਹੈ ਤਾਂ ਹੀ ਨਤੀਜਾ ਘੋਸ਼ਿਤ ਕੀਤਾ ਜਾਵੇਗਾ। ਇਨਟਰਨਲ ਅਸੈਸਮੈਂਟ/ਸੀ. ਸੀ. ਈ. ਦੇ ਪਹਿਲਾਂ ਪ੍ਰਾਪਤ ਕੀਤੇ ਅੰਕ ਹੀ ਮੰਨੇ ਜਾਣਗੇ। ਬਾਕੀ ਸ਼ਰਤਾਂ ਉਪਰੋਕਤ 6 ੳ ਵਾਲੀਆਂ ਹੀ ਹੋਣਗੀਆਂ।

(7) ਕਿਸੇ ਵੀ ਵਿਵਾਦ ਦੀ ਸੂਰਤ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ, ਕਲੰਡਰ (ਭਾਗ ਦੂਜਾ) ਵਿੱਚ ਦਰਜ਼ ਮੈਟ੍ਰਿਕ ਪਰੀਖਿਆ, ਵਿਨਿਯਮਾਂ 1988 ਅਨੁਸਾਰ ਕਾਰਵਾਈ ਕੀਤੀ ਜਾਵੇਗੀ।

ਮਿਤੀ: 01-06-2012

ਡਾ: ਬਲਵਿੰਦਰ ਸਿੰਘ
ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ

ਪਿੱਠ ਅੰਕਣ ਨੰਬਰ: ਪਸਸਬ/ਸਸ/ਪਰੀ-1/3306 ਮਿਤੀ: ਸਾਹਿਬਜ਼ਾਦਾ ਅਜੀਤ ਸਿੰਘ ਨਗਰ 01/06/2012

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

(1) ਨਿਜੀ ਸਕੱਤਰ ਟੂ ਸਕੱਤਰ,( ਸਕੱਤਰ ਜੀ ਦੀ ਸੂਚਨਾ ਹਿੱਤ )।
(2) ਸੁਪਰਡੈਂਟ, ਕੰਟਰੋਲਰ ਦਫ਼ਤਰ, (ਕੰਟਰੋਲਰ ਪਰੀਖਿਆਵਾਂ ਜੀ ਦੀ ਸੂਚਨਾ ਹਿੱਤ)।
(3) ਡਿਪਟੀ ਡਾਇਰੈਕਟਰ (ਏ. ਪੀ. ਸ਼ਾਖਾ)।
(4) ਡਿਪਟੀ ਡਾਇਰੈਕਟਰ (ਕੰਪਿਊਟਰ)।
(5) ਉਪ ਸਕੱਤਰ, (ਪਰੀਖਿਆ-2)।
(6) ਸਹਾਇਕ ਸਕੱਤਰ, (ਪਰੀਖਿਆ -2), (1 ਅਤੇ 2)।
(7) ਸਹਾਇਕ ਸ਼ਕੱਤਰ, (ਪਰੀਖਿਆ-1), (1 ਅਤੇ 2)।
(8) ਸਮੂਹ ਸੁਪਰਡੈਂਟ, (ਪਰੀਖਿਆ-1) ਅਤੇ ਸਬੰਧਤ ਸੈਕਸ਼ਨ।
(9) ਸਮੂਹ ਸੁਪਰਡੈਂਟ, (ਪਰੀਖਿਆ-2) ਅਤੇ ਸਬੰਧਤ ਸੈਕਸ਼ਨ।

ਉਪ ਸਕੱਤਰ (ਪਰੀਖਿਆ-1)
ਪੰਜਾਬ ਸਕੂਲ ਸਿੱਖਿਆ ਬੋਰਡ

## ਪੰਜਾਬ ਸਕੂਲ ਸਿੱਖਿਆ ਬੋਰਡ

---

### ਮੈਟ੍ਰਿਕੁਲੇਸ਼ਨ (X) ਪਰੀਖਿਆ ਸਮੈਸਟਰ ਪ੍ਰਣਾਲੀ ਸਾਲ 2011-2012 ਦਾ ਪਾਸ ਫਾਰਮੂਲਾ
### (ਦੂਜਾ ਸਮੈਸਟਰ)

ਹਰ ਪਰੀਖਿਆਰਥੀ ਨੇ ਇਹ ਪਰੀਖਿਆ ਪਾਸ ਕਰਨ ਲਈ ਹੇਠ ਲਿਖੇ ਅਨੁਸਾਰ ਸ਼ਰਤਾਂ ਪੂਰੀਆਂ ਕਰਨੀਆਂ ਹਨ।

(1) **ਕੁੱਲ ਵਿਸ਼ੇ 9 ਹਨ ਜੋ ਹੇਠ ਦਰਜ਼ ਗਰੁੱਪ 'ਏ' ਅਤੇ 'ਬੀ' ਅਨੁਸਾਰ ਹਨ । ਗਰੁੱਪ "ਏ" ਦੇ ਸਾਰੇ ਵਿਸ਼ੇ ਪਾਸ ਕਰਨੇ ਜ਼ਰੂਰੀ ਹਨ :-**

ਗਰੁੱਪ 'ਏ' : ਪੰਜਾਬੀ ਜਾਂ ਪੰਜਾਬ ਦਾ ਇਤਿਹਾਸ ਅਤੇ ਸਭਿਆਚਾਰ, ਅੰਗਰੇਜੀ, ਹਿੰਦੀ/ਉਰਦੂ, ਗਣਿਤ, **ਵਿਗਿਆਨ, ਅਤੇ ਸਮਾਜਿਕ ਸਿੱਖਿਆ**

ਗਰੁੱਪ 'ਬੀ' : ਸਿਹਤ ਤੇ ਸਰੀਰਕ ਸਿੱਖਿਆ, ਕੰਪਿਊਟਰ ਸਾਇੰਸ ਅਤੇ ਕੋਈ ਇੱਕ ਚੋਣਵਾਂ ਵਿਸ਼ਾ ਲੈ ਸਕਦਾ ਹੈ। ਚੋਣਵੇਂ ਵਿਸ਼ੇ ਹੇਠ ਲਿਖੇ ਅਨੁਸਾਰ ਹਨ :-

**ਸੰਸਕ੍ਰਿਤ, ਉਰਦੂ, ਪਰਸ਼ੀਅਨ, ਅਰਬੀ, ਕੋਰੀਅਨ, ਫਰੈਂਚ, ਜਰਮਨ, ਰਸ਼ੀਅਨ, ਸੰਗੀਤ (ਗਾਇਨ), ਸੰਗੀਤ (ਵਾਦਨ), ਸੰਗੀਤ (ਤਬਲਾ), ਮਕੈਨੀਕਲ ਡਰਾਇੰਗ ਅਤੇ ਚਿੱਤਰਕਲਾ, ਗ੍ਰਹਿ ਵਿਗਿਆਨ, ਕਟਾਈ ਤੇ ਸਿਲਾਈ, ਖੇਤੀਬਾੜੀ, ਅਤੇ** ਪਰੀ-ਵੋਕੇਸ਼ਨਲ ਦੇ (17) ਵਿਸ਼ੇ।

ਹਰ ਇੱਕ ਵਿਸ਼ੇ ਵਿੱਚ ਘੱਟੋ-ਘੱਟ 33% ਅੰਕ ਪ੍ਰਾਪਤ ਕਰਨ ਵਾਲੇ ਪਰੀਖਿਆਰਥੀ ਨੂੰ ਪਾਸ ਘੋਸ਼ਿਤ ਕੀਤਾ ਜਾਵੇਗਾ। ਹਰ ਇੱਕ ਵਿਸ਼ੇ ਵਿੱਚੋਂ ਸਮੈਸਟਰ-1 ਅਤੇ ਸਮੈਸਟਰ-2 ਵਿੱਚ ਲਿਖਤੀ ਅਤੇ ਪ੍ਰਯੋਗੀ ਪਰੀਖਿਆ ਵਿੱਚ ਵੱਖਰੇ- ਵੱਖਰੇ ਤੌਰ ਤੇ ਪਾਸ ਹੋਣਾ ਜਰੂਰੀ ਹੈ। ਲਿਖਤੀ ਅਤੇ ਪ੍ਰਯੋਗੀ ਪਰੀਖਿਆ ਵਿੱਚ ਪਾਸ ਹੋਣ ਉਪਰੰਤ ਹੀ ਆਈ. ਐਨ. ਏ/ਸੀ.ਸੀ.ਈ ਨੂੰ ਮਿਲਾਕੇ (ਲਿਖਤੀ+ ਆਈ. ਐਨ. ਏ/ਸੀ.ਸੀ.ਈ) ਕੁੱਲ ਜੋੜ ਵੀ 33% ਹੋਣਾ ਜਰੂਰੀ ਹੋਵੇਗਾ। ਗਰੁੱਪ "ਬੀ" ਦੇ ਤਿੰਨ ਵਿਸ਼ੇ ਸਰੀਰਕ ਸਿੱਖਿਆ, ਕੰਪਿਊਟਰ ਸਾਇੰਸ ਅਤੇ ਚੋਣਵੇਂ ਵਿਸ਼ੇ, ਹਰ ਇੱਕ ਪਰੀਖਿਆਰਥੀ ਲਈ ਪੜ੍ਹਨੇ ਜਰੂਰੀ ਹਨ ਅਤੇ ਇਹਨਾਂ ਵਿਸ਼ਿਆਂ ਦੀ ਪਰੀਖਿਆ ਲਈ ਜਾਵੇਗੀ ਅਤੇ ਇਹਨਾਂ ਦੀਆਂ ਉੱਤਰ ਪੱਤਰੀਆਂ ਦਾ ਮੁੱਲਾਂਕਣ ਸਕੂਲ ਵੱਲੋਂ ਕਰਨ ਉਪਰੰਤ ਗਰੇਡਿੰਗ ਭੇਜੀ ਜਾਵੇਗੀ।

| | | |
|---|---|---|
| (I) | 90% ਜਾਂ ਇਸ ਤੋਂ ਉੱਪਰ | ੳ ਗਰੇਡ(ਅਤਿ ਉਤਮ) |
| (II) | 75% ਅਤੇ ਇਸ ਤੋਂ ਉੱਪਰ ਪਰੰਤੂ 90% ਤੋਂ ਘੱਟ | ਏ ਗਰੇਡ (ਉੱਤਮ) |
| (III) | 60% ਅਤੇ ਇਸ ਤੋਂ ਉੱਪਰ ਪਰੰਤੂ 75% ਤੋਂ ਘੱਟ | ਬੀ ਗਰੇਡ (ਬਹੁਤ ਅੱਛਾ) |
| (IV) | 45% ਅਤੇ ਇਸ ਤੋਂ ਉੱਪਰ ਪਰੰਤੂ 60% ਤੋਂ ਘੱਟ | ਸੀ ਗਰੇਡ (ਅੱਛਾ) |
| (V) | 33% ਅਤੇ ਇਸ ਤੋਂ ਉੱਪਰ ਪਰੰਤੂ 45% ਤੋਂ ਘੱਟ | ਡੀ ਗਰੇਡ (ਔਸਤ) |
| (VI) | 33% ਤੋਂ ਹੇਠਾਂ | ਈ ਗਰੇਡ (ਅਸੰਤੋਸ਼ਜਨਕ) |

(2) ਜੋ ਉਮੀਦਵਾਰ ਦੂਜੇ ਸਮੈਸਟਰ ਵਿੱਚ ਪੂਰੇ ਵਿਸ਼ਿਆਂ ਵਿੱਚ ਪਹਿਲੀਵਾਰ ਅਪੀਅਰ ਹੁੰਦਾ ਹੈ, ਉਹਨਾਂ ਨੂੰ ਕੁੱਲ ਜੋੜ ਨੰਬਰਾਂ ਦਾ ਇੱਕ ਪ੍ਰਤੀਸ਼ਤ ਦੇ ਹਿਸਾਬ ਨਾਲ 8 ਅੰਕਾਂ ਦੀ ਗਰੇਸ ਫ਼ੇਲ ਤੋਂ ਰੀ ਅਪੀਅਰ ਬਣਾਉਣ ਲਈ ਜਾਂ ਪਰੀਖਿਆ ਪਾਸ ਕਰਨ ਲਈ ਦਿੱਤੀ ਜਾਵੇਗੀ। ਗਰੇਸ ਅੰਕ ਦੇਣ ਸਮੇਂ ਹੇਠ ਲਿਖੇ ਅਨੁਸਾਰ ਵਿਸ਼ਿਆਂ ਨੂੰ ਤਰਜੀਹ ਦਿੱਤੀ ਜਾਵੇਗੀ:-
ਪੰਜਾਬੀ ਜਾਂ ਪੰਜਾਬ ਦਾ ਇਤਿਹਾਸ ਅਤੇ ਸਭਿਆਚਾਰ, ਵਿਗਿਆਨ, ਗਣਿਤ, ਅੰਗਰੇਜੀ, ਹਿੰਦੀ, ਸਮਾਜਿਕ ਸਿੱਖਿਆ।

(3) 45%, 50% ਅਤੇ 60% ਅੰਕ ਬਣਾਉਣ ਲਈ ਵੀ 1% ਅੰਕਾਂ ਤੱਕ ਗਰੇਸ ਫਾਇਨਲ (Cummulative) ਨਤੀਜਾ ਤਿਆਰ ਕਰਨ ਸਮੇਂ ਦਿੱਤੀ ਜਾਵੇਗੀ, ਬਸ਼ਰਤੇ ਕਿ ਪਰੀਖਿਆਰਥੀ ਨੇ ਪਹਿਲਾਂ ਪਾਸ ਹੋਣ ਲਈ ਕੋਈ ਗਰੇਸ ਨਾ ਲਈ ਹੋਵੇ।

(4) ਪਹਿਲੇ ਅਤੇ ਦੂਜੇ ਸਮੈਸਟਰ ਦੇ ਕੁੱਲ ਅੰਕ (520+780) =1300) ਹੋਣਗੇ।

(5) ਪਹਿਲੇ ਸਮੈਸਟਰ ਵਿੱਚ ਪਰੀਖਿਆਰਥੀ, ਜਿਨ੍ਹਾਂ ਵਿਸ਼ਿਆਂ ਵਿੱਚ ਫ਼ੇਲ ਹੁੰਦਾ ਹੈ, ਉਨ੍ਹਾਂ ਵਿਸ਼ਿਆਂ ਵਿੱਚ ਉਸ ਦੀ ਰੀ ਅਪੀਅਰ ਦਰਸਾਈ ਜਾਵੇਗੀ। ਇਹ ਪਰੀਖਿਆਰਥੀ ਦੂਜੇ ਸਮੈਸਟਰ ਦੇ ਨਾਲ-ਨਾਲ ਪਹਿਲੇ ਸਮੈਸਟਰ ਦੀ ਜਿਨ੍ਹਾਂ ਵਿਸ਼ਿਆਂ ਵਿੱਚ ਉਸਦੀ ਰੀ ਅਪੀਅਰ ਦਰਸਾਈ ਗਈ ਹੈ, ਦੀ ਵੀ ਪਰੀਖਿਆ ਦੇਵੇਗਾ। ਰੀ-ਅਪੀਅਰ ਕਲੀਅਰ ਕਰਨ ਲਈ ਪਰੀਖਿਆਰਥੀ ਨੂੰ ਲਗਾਤਾਰ ਅਗਲੇ ਆਉਣ ਵਾਲੇ ਸਮੈਸਟਰਾਂ ਵਿੱਚ ਦੋ ਮੌਕੇ ਦਿੱਤੇ ਜਾਣਗੇ। ਇਹ ਸ਼ਰਤ ਦੂਜੇ ਸਮੈਸਟਰ ਤੇ ਵੀ ਲਾਗੂ ਹੋਵੇਗੀ।

(6) ਜਿਸ ਉਮੀਦਵਾਰ ਦੀ ਆਈ. ਐਨ. ਏ/ਸੀ. ਸੀ. ਈ ਡੈਸੀਮਲ ਫਾਰਮ ਵਿੱਚ ਪ੍ਰਾਪਤ ਹੋਈ ਹੈ, ਉਸ ਨੂੰ ਅਗਲੇ ਅੰਕ ਵਿੱਚ ਰਾਊਂਡ-ਆਫ ਕੀਤਾ ਜਾਵੇਗਾ।

(7)(ੳ) ਜੇਕਰ ਕਿਸੇ ਪਰੀਖਿਆਰਥੀ ਦਾ ਸਮੈਸਟਰ I ਦਾ ਨਤੀਜਾ Cancel ਜਾਂ R.L.E ਘੋਸ਼ਿਤ ਕੀਤਾ ਗਿਆ ਹੈ ਅਤੇ ਉਸ ਪਰੀਖਿਆਰਥੀ ਵੱਲੋਂ ਦੂਜੇ ਸਮੈਸਟਰ ਦੀ ਪਰੀਖਿਆ ਦਿੱਤੀ ਗਈ ਹੈ ਤਾਂ ਉਸ ਦਾ Cumulative ਨਤੀਜਾ ਰੱਦ ਘੋਸ਼ਿਤ ਕੀਤਾ ਜਾਵੇਗਾ।

(ਅ) ਜਿਸ ਪਰੀਖਿਆਰਥੀ ਦਾ ਸਮੈਸਟਰ I ਦਾ ਨਤੀਜਾ R.L (UMC) ਘੋਸ਼ਿਤ ਕੀਤਾ ਗਿਆ ਹੈ, ਉਸ ਦਾ ਨਤੀਜਾ ਯੂ. ਐੱਮ. ਸੀ ਕਮੇਟੀ ਦੇ ਫੈਸਲੇ ਅਨੁਸਾਰ ਹੀ ਘੋਸ਼ਿਤ ਕੀਤਾ ਜਾਵੇਗਾ।

(ੲ) ਜੇਕਰ ਸਮੈਸਟਰ I ਵਿੱਚ ਪਰੀਖਿਆਰਥੀ ਦਾ ਨਤੀਜਾ ਗੈਰ ਹਾਜ਼ਰ ਘੋਸ਼ਿਤ ਕੀਤਾ ਗਿਆ ਹੈ ਅਤੇ ਉਸ ਨੇ ਕੇਵਲ ਸਮੈਸਟਰ II ਦੀ ਪਰੀਖਿਆ ਦਿੱਤੀ ਹੈ ਤਾਂ ਸਮੈਸਟਰ II ਵਿੱਚ ਰੀ ਅਪੀਅਰ ਜਾਂ ਪਾਸ ਹੋਣ ਦੀ ਸੂਰਤ ਵਿੱਚ ਉਸ ਨੂੰ ਪਹਿਲੇ ਸਮੈਸਟਰ ਦੀ ਪਰੀਖਿਆ, ਦਿੱਤੇ ਗਏ ਲਗਾਤਾਰ ਸਮੈਸਟਰ ਵਾਰ ਦੋ ਮੌਕਿਆਂ ਵਿੱਚ ਪਾਸ ਕਰਨੀ ਲਾਜ਼ਮੀ ਹੋਵੇਗੀ।

(8) ਪਹਿਲੇ ਸਮੈਸਟਰ ਵਿੱਚ ਰੀ ਅਪੀਅਰ ਆਉਣ ਤੇ ਉਮੀਦਵਾਰ ਦੂਸਰੇ ਸਮੈਸਟਰ ਦੀ ਪਰੀਖਿਆ ਦੇ ਨਾਲ-ਨਾਲ ਪਹਿਲੇ ਸਮੈਸਟਰ ਦੀ ਕ੍ਰਮਵਾਰ ਰੀ ਅਪੀਅਰ ਵਿਸ਼ੇ/ਵਿਸ਼ਿਆਂ ਦੀ ਪਰੀਖਿਆ ਵੀ ਦੇਵੇਗਾ। ਇਹ ਹੀ ਸ਼ਰਤ ਦੂਸਰੇ ਸਮੈਸਟਰ ਦੇ ਪਰੀਖਿਆਰਥੀਆਂ ਤੇ ਵੀ ਲਾਗੂ ਹੋਵੇਗੀ।

(9) ਜੇਕਰ ਪਰੀਖਿਆਰਥੀ ਸਕੂਲ ਪੱਧਰ ਤੇ ਭੇਜੀ ਗਈ ਗਰੇਡਿੰਗ ਵਾਲੇ ਕਿਸੇ ਵਿਸ਼ੇ/ਵਿਸ਼ਿਆਂ ਵਿੱਚ ਗੈਰ ਹਾਜ਼ਰ ਰਹਿੰਦਾ ਹੈ, ਤਾਂ ਉਸ ਦਾ Cumulative ਨਤੀਜਾ ਤਾਂ ਹੀ ਘੋਸ਼ਿਤ ਕੀਤਾ ਜਾਵੇਗਾ, ਜੇਕਰ ਦਿੱਤੇ ਗਏ ਦੋ ਮੌਕਿਆਂ ਦੌਰਾਨ ਇਹਨਾਂ ਵਿਸ਼ੇ/ਵਿਸ਼ਿਆਂ ਦੀ ਪਰੀਖਿਆ ਦੇ ਕੇ ਗਰੇਡ ਪ੍ਰਾਪਤ ਕਰ ਲੈਂਦਾ ਹੈ।

(10) ਹਰ ਇੱਕ ਪਰੀਖਿਆਰਥੀ ਦੇ ਗਰੇਡਿੰਗ ਵਾਲੇ ਵਿਸ਼ਿਆਂ ਵਿੱਚ ਹਰ ਇੱਕ ਵਿਸ਼ੇ ਵਿੱਚ ਪ੍ਰਾਪਤ ਗਰੇਡ ਹੀ ਨਤੀਜਾ ਕਾਰਡ ਤੇ ਦਰਸਾਏ ਜਾਣਗੇ।

(11) ਵਿਵਾਦ ਦੀ ਸੂਰਤ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ, ਕਲੰਡਰ (ਭਾਗ ਦੂਜਾ) ਵਿੱਚ ਦਰਜ਼ ਮੈਟ੍ਰਿਕ ਪਰੀਖਿਆ, ਵਿਨਿਯਮਾਂ 1988 ਅਨੁਸਾਰ ਕਾਰਵਾਈ ਕੀਤੀ ਜਾਵੇਗੀ।

ਮਿਤੀ: 01-06-2012

ਡਾ: ਬਲਵਿੰਦਰ ਸਿੰਘ
ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

(1) ਨਿਜੀ ਸਕੱਤਰ ਟੂ ਸਕੱਤਰ, (ਸਕੱਤਰ ਜੀ ਦੀ ਸੂਚਨਾ ਹਿੱਤ)।
(2) ਸੁਪਰਡੰਟ, ਕੰਟਰੋਲਰ ਦਫ਼ਤਰ, (ਕੰਟਰੋਲਰ ਪਰੀਖਿਆਵਾਂ ਜੀ ਦੀ ਸੂਚਨਾ ਹਿੱਤ)।
(3) ਡਿਪਟੀ ਡਾਇਰੈਕਟਰ (ਏ. ਪੀ. ਸ਼ਾਖਾ)।
(4) ਡਿਪਟੀ ਡਾਇਰੈਕਟਰ (ਕੰਪਿਊਟਰ)।
(5) ਉਪ ਸਕੱਤਰ, (ਪਰੀਖਿਆ-2)।
(6) ਸਹਾਇਕ ਸਕੱਤਰ, (ਪਰੀਖਿਆ -2), (1 ਅਤੇ 2)।
(7) ਸਹਾਇਕ ਸਕੱਤਰ, (ਪਰੀਖਿਆ-1), (1 ਅਤੇ 2)।
(8) ਸਮੂਹ ਸੁਪਰਡੰਟ, (ਪਰੀਖਿਆ-1) ਅਤੇ ਸਬੰਧਤ ਸੈਕਸ਼ਨ।
(9) ਸਮੂਹ ਸੁਪਰਡੰਟ, (ਪਰੀਖਿਆ-2) ਅਤੇ ਸਬੰਧਤ ਸੈਕਸ਼ਨ।

ਉਪ ਸਕੱਤਰ (ਪਰੀਖਿਆ-1)
ਪੰਜਾਬ ਸਕੂਲ ਸਿੱਖਿਆ ਬੋਰਡ

(5) ਨਤੀਜੇ ਦੇ ਪ੍ਰਾਪਤ ਅੰਕਾਂ ਵਿੱਚ ਕਾਰਗੁਜਾਰੀ ਵਧਾਉਣ ਲਈ:-

(ੳ) ਜਿਨ੍ਹਾਂ ਪਰੀਖਿਆਰਥੀਆਂ ਨੇ ਮੈਟ੍ਰਿਕ ਪਰੀਖਿਆ ਅਕਾਦਮਿਕ ਸਾਲ 2009-2010 ( ਵਿੱਚ ਪਾਸ ਕੀਤੀ ਹੋਵੇ ਤਾਂ ਉਹ ਆਪਣੇ ਨਤੀਜੇ ਦੀ ਕਾਰਗੁਜਾਰੀ ਵਿੱਚ ਸੁਧਾਰ ਲਈ ਇੱਕ ਜਾਂ ਇੱਕ ਤੋਂ ਵੱਧ ਵਿਸ਼ਿਆਂ ਵਿੱਚ ਅਗਲੇ ਲਗਾਤਾਰ ਦੋ ਸਾਲਾਂ ਵਿੱਚ ਕੇਵਲ ਦੋ ਮੌਕਿਆਂ ਵਿੱਚ ਪਰੀਖਿਆ ਦੇ ਸਕਦਾ ਹੈ, ਬਸ਼ਰਤੇ ਕਿ ਉਸਨੇ ਅਗਲੀ ਉਚੇਰੀ ਪਰੀਖਿਆ ਪਾਸ ਨਾ ਕੀਤੀ ਹੋਵੇ। ਪ੍ਰੰਤੂ ਇਹ ਵੀ ਸ਼ਰਤ ਹੈ ਕਿ ਅਜਿਹੇ ਪਰੀਖਿਆਰਥੀ ਦਾ ਨਤੀਜਾ ਉਸੇ ਸੂਰਤ ਵਿੱਚ ਘੋਸ਼ਿਤ ਕੀਤਾ ਜਾਵੇਗਾ, ਜੇ ਉਹ ਦਿੱਤੀ ਪਰੀਖਿਆ ਦੇ ਵਿਸ਼ੇ/ਵਿਸ਼ਿਆਂ ਦੇ ਕੁੱਲ ਅੰਕਾਂ ਦਾ ਘੱਟੋ-ਘੱਟ 5% ਵਾਧਾ ਕਰ ਲੈਂਦਾ ਹੈ, ਨਹੀਂ ਤਾਂ ਪਹਿਲਾ ਨਤੀਜਾ ਬਰਕਰਾਰ ਰਹੇਗਾ ਭਾਵ ਪ.ਰ.ਸ। ਨਿਯਮਾਂ ਵਿੱਚ ਦਿੱਤੇ ਉਪਬੰਧ ਅਨੁਸਾਰ ਪ੍ਰਯੋਗੀ ਪਰੀਖਿਆ ਦੁਬਾਰਾ ਦੇਣ ਦੀ ਸੂਰਤ ਵਿੱਚ ਨਵੇਂ ਪ੍ਰਾਪਤ ਅੰਕ, ਨਹੀਂ ਤਾਂ ਪੁਰਾਣੇ ਪ੍ਰਯੋਗੀ ਅੰਕ ਚੁੱਕ ਕੇ ਨਤੀਜਾ ਘੋਸ਼ਿਤ ਕੀਤਾ ਜਾਵੇਗਾ।

(ਅ) ਇਸ ਪਰੀਖਿਆ ਦੇ ਪ੍ਰਾਪਤ ਅੰਕਾਂ ਨੂੰ ਸਾਲ 2009-2010 ਦੀ ਪਰੀਖਿਆ ਦੇ ਵਿਸ਼ੇਵਾਰ ਕੁੱਲ ਅੰਕਾਂ ਵਿੱਚ ਪ੍ਰਾਪਤ ਕੀਤੇ ਅੰਕਾਂ ਅਨੁਸਾਰ ਅਨੁਪਾਤਕ (Proportionate) ਕਰਕੇ ਦਰਸਾਇਆ ਜਾਵੇਗਾ।

(ੲ) ਜਿਨ੍ਹਾਂ ਪਰੀਖਿਆਰਥੀਆਂ ਨੇ ਅਕਾਦਮਿਕ ਸਾਲ 2010-2011 (ਸਮੈਸਟਰ ਪ੍ਰਣਾਲੀ) ਵਿੱਚ ਪਾਸ ਕੀਤੀ ਹੈ। ਉਹਨਾਂ ਪਰੀਖਿਆਰਥੀਆਂ ਦੇ ਪਹਿਲੇ ਅਤੇ ਦੂਜੇ ਸਮੈਸਟਰ ਦੇ ਕੁੱਲ (ਲਿਖਤੀ) ਅੰਕਾਂ ਦਾ ਜੇਕਰ 5% ਵਾਧਾ ਕਰ ਲੈਂਦਾ ਹੈ ਤਾਂ ਹੀ ਨਤੀਜਾ ਘੋਸ਼ਿਤ ਕੀਤਾ ਜਾਵੇਗਾ। ਬਾਕੀ ਸ਼ਰਤਾਂ ਉਪਰੋਕਤ 5 ੳ ਅਤੇ ਅ ਵਾਲੀਆਂ ਹੀ ਹੋਣਗੀਆਂ।

(6) ਕਿਸੇ ਵੀ ਵਿਵਾਦ ਦੀ ਸੂਰਤ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ, ਕਲੰਡਰ (ਭਾਗ ਦੂਜਾ) ਵਿੱਚ ਦਰਜ਼ ਮੈਟ੍ਰਿਕ ਪਰੀਖਿਆ, ਵਿਨਿਯਮਾਂ 1988 ਅਨੁਸਾਰ ਕਾਰਵਾਈ ਕੀਤੀ ਜਾਵੇਗੀ।

ਮਿਤੀ: 01-06-2012

ਡਾ: ਬਲਵਿੰਦਰ ਸਿੰਘ
ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ

ਪਿੱਠ ਅੰਕਣ ਨੰਬਰ: ਪਸਸਬ/ਸਸ/ਪਰੀ-1/3306 ਮਿਤੀ: ਸਾਹਿਬਜ਼ਾਦਾ ਅਜੀਤ ਸਿੰਘ ਨਗਰ 01/06/2012

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

(1) ਨਿਜੀ ਸਕੱਤਰ ਟੂ ਸਕੱਤਰ,( ਸਕੱਤਰ ਜੀ ਦੀ ਸੂਚਨਾ ਹਿੱਤ )।
(2) ਸੁਪਰਡੰਟ, ਕੰਟਰੋਲਰ ਦਫ਼ਤਰ, (ਕੰਟਰੋਲਰ ਪਰੀਖਿਆਵਾਂ ਜੀ ਦੀ ਸੂਚਨਾ ਹਿੱਤ)।
(3) ਡਿਪਟੀ ਡਾਇਰੈਕਟਰ (ਏ. ਪੀ. ਸ਼ਾਖਾ)।
(4) ਡਿਪਟੀ ਡਾਇਰੈਕਟਰ (ਕੰਪਿਊਟਰ)।
(5) ਉਪ ਸਕੱਤਰ, (ਪਰੀਖਿਆ-2)।
(6) ਸਹਾਇਕ ਸਕੱਤਰ, (ਪਰੀਖਿਆ -2), (1 ਅਤੇ 2)।
(7) ਸਹਾਇਕ ਸਕੱਤਰ, (ਪਰੀਖਿਆ-1), (1 ਅਤੇ 2)।
(8) ਸਮੂਹ ਸੁਪਰਡੰਟ, (ਪਰੀਖਿਆ-1) ਅਤੇ ਸਬੰਧਤ ਸੈਕਸ਼ਨ।
(9) ਸਮੂਹ ਸੁਪਰਡੰਟ, (ਪਰੀਖਿਆ-2) ਅਤੇ ਸਬੰਧਤ ਸੈਕਸ਼ਨ।

ਉਪ ਸਕੱਤਰ (ਪਰੀਖਿਆ-1)
ਪੰਜਾਬ ਸਕੂਲ ਸਿੱਖਿਆ ਬੋਰਡ

(5) ਨਤੀਜੇ ਦੇ ਪ੍ਰਾਪਤ ਅੰਕਾਂ ਵਿੱਚ ਕਾਰਗੁਜਾਰੀ ਵਧਾਉਣ ਲਈ:-

(ੳ) ਜਿਨ੍ਹਾਂ ਪਰੀਖਿਆਰਥੀਆਂ ਨੇ ਮੈਟ੍ਰਿਕ ਪਰੀਖਿਆ ਅਕਾਦਮਿਕ ਸਾਲ 2009-2010 ( ਵਿੱਚ ਪਾਸ ਕੀਤੀ ਹੋਵੇ ਤਾਂ ਉਹ ਆਪਣੇ ਨਤੀਜੇ ਦੀ ਕਾਰਗੁਜਾਰੀ ਵਿੱਚ ਸੁਧਾਰ ਲਈ ਇੱਕ ਜਾਂ ਇੱਕ ਤੋਂ ਵੱਧ ਵਿਸ਼ਿਆਂ ਵਿੱਚ ਅਗਲੇ ਲਗਾਤਾਰ ਦੋ ਸਾਲਾਂ ਵਿੱਚ ਕੇਵਲ ਦੋ ਮੌਕਿਆਂ ਵਿੱਚ ਪਰੀਖਿਆ ਦੇ ਸਕਦਾ ਹੈ, ਬਸ਼ਰਤੇ ਕਿ ਉਸਨੇ ਅਗਲੀ ਉਚੇਰੀ ਪਰੀਖਿਆ ਪਾਸ ਨਾ ਕੀਤੀ ਹੋਵੇ। ਪ੍ਰੰਤੂ ਇਹ ਵੀ ਸ਼ਰਤ ਹੈ ਕਿ ਅਜਿਹੇ ਪਰੀਖਿਆਰਥੀ ਦਾ ਨਤੀਜਾ ਉਸੇ ਸੂਰਤ ਵਿੱਚ ਘੋਸ਼ਿਤ ਕੀਤਾ ਜਾਵੇਗਾ, ਜੇ ਉਹ ਦਿੱਤੀ ਪਰੀਖਿਆ ਦੇ ਵਿਸ਼ੇ/ਵਿਸ਼ਿਆਂ ਦੇ ਕੁੱਲ ਅੰਕਾਂ ਦਾ ਘੱਟੋ-ਘੱਟ 5% ਵਾਧਾ ਕਰ ਲੈਂਦਾ ਹੈ, ਨਹੀਂ ਤਾਂ ਪਹਿਲਾ ਨਤੀਜਾ ਬਰਕਰਾਰ ਰਹੇਗਾ ਭਾਵ ਪ.ਰ.ਸ। ਨਿਯਮਾਂ ਵਿੱਚ ਦਿੱਤੇ ਉਪਬੰਧ ਅਨੁਸਾਰ ਪ੍ਰਯੋਗੀ ਪਰੀਖਿਆ ਦੁਬਾਰਾ ਦੇਣ ਦੀ ਸੂਰਤ ਵਿੱਚ ਨਵੇਂ ਪ੍ਰਾਪਤ ਅੰਕ, ਨਹੀਂ ਤਾਂ ਪੁਰਾਣੇ ਪ੍ਰਯੋਗੀ ਅੰਕ ਚੁੱਕ ਕੇ ਨਤੀਜਾ ਘੋਸ਼ਿਤ ਕੀਤਾ ਜਾਵੇਗਾ।

(ਅ) ਇਸ ਪਰੀਖਿਆ ਦੇ ਪ੍ਰਾਪਤ ਅੰਕਾਂ ਨੂੰ ਸਾਲ 2009-2010 ਦੀ ਪਰੀਖਿਆ ਦੇ ਵਿਸ਼ੇਵਾਰ ਕੁੱਲ ਅੰਕਾਂ ਵਿੱਚ ਪ੍ਰਾਪਤ ਕੀਤੇ ਅੰਕਾਂ ਅਨੁਸਾਰ ਅਨੁਪਾਤਕ (Proportionate) ਕਰਕੇ ਦਰਸਾਇਆ ਜਾਵੇਗਾ।

(ੲ) ਜਿਨ੍ਹਾਂ ਪਰੀਖਿਆਰਥੀਆਂ ਨੇ ਅਕਾਦਮਿਕ ਸਾਲ 2010-2011 (ਸਮੈਸਟਰ ਪ੍ਰਣਾਲੀ) ਵਿੱਚ ਪਾਸ ਕੀਤੀ ਹੈ। ਉਹਨਾਂ ਪਰੀਖਿਆਰਥੀਆਂ ਦੇ ਪਹਿਲੇ ਅਤੇ ਦੂਜੇ ਸਮੈਸਟਰ ਦੇ ਕੁੱਲ (ਲਿਖਤੀ) ਅੰਕਾਂ ਦਾ ਜੇਕਰ 5% ਵਾਧਾ ਕਰ ਲੈਂਦਾ ਹੈ ਤਾਂ ਹੀ ਨਤੀਜਾ ਘੋਸ਼ਿਤ ਕੀਤਾ ਜਾਵੇਗਾ। ਬਾਕੀ ਸ਼ਰਤਾਂ ਉਪਰੋਕਤ 5 ੳ ਅਤੇ ਅ ਵਾਲੀਆਂ ਹੀ ਹੋਣਗੀਆਂ।

(6) ਕਿਸੇ ਵੀ ਵਿਵਾਦ ਦੀ ਸੂਰਤ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ, ਕਲੰਡਰ (ਭਾਗ ਦੂਜਾ) ਵਿੱਚ ਦਰਜ਼ ਮੈਟ੍ਰਿਕ ਪਰੀਖਿਆ, ਵਿਨਿਯਮਾਂ 1988 ਅਨੁਸਾਰ ਕਾਰਵਾਈ ਕੀਤੀ ਜਾਵੇਗੀ।

ਮਿਤੀ: 01-06-2012

ਡਾ: ਬਲਵਿੰਦਰ ਸਿੰਘ
ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ

**ਪਿੱਠ ਅੰਕਣ ਨੰਬਰ: ਪਸਸਬ/ਸਸ/ਪਰੀ-1/3306 ਮਿਤੀ: ਸਾਹਿਬਜ਼ਾਦਾ ਅਜੀਤ ਸਿੰਘ ਨਗਰ 01/06/2012**

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

(1) ਨਿਜੀ ਸਕੱਤਰ ਟੂ ਸਕੱਤਰ,( ਸਕੱਤਰ ਜੀ ਦੀ ਸੂਚਨਾ ਹਿੱਤ )।
(2) ਸੁਪਰਡੰਟ, ਕੰਟਰੋਲਰ ਦਫ਼ਤਰ, (ਕੰਟਰੋਲਰ ਪਰੀਖਿਆਵਾਂ ਜੀ ਦੀ ਸੂਚਨਾ ਹਿੱਤ)।
(3) ਡਿਪਟੀ ਡਾਇਰੈਕਟਰ (ਏ. ਪੀ. ਸ਼ਾਖਾ)।
(4) ਡਿਪਟੀ ਡਾਇਰੈਕਟਰ (ਕੰਪਿਊਟਰ)।
(5) ਉਪ ਸਕੱਤਰ, (ਪਰੀਖਿਆ-2)।
(6) ਸਹਾਇਕ ਸਕੱਤਰ, (ਪਰੀਖਿਆ -2), (1 ਅਤੇ 2)।
(7) ਸਹਾਇਕ ਸਕੱਤਰ, (ਪਰੀਖਿਆ-1), (1 ਅਤੇ 2)।
(8) ਸਮੂਹ ਸੁਪਰਡੰਟ, (ਪਰੀਖਿਆ-1) ਅਤੇ ਸਬੰਧਤ ਸੈਕਸ਼ਨ।
(9) ਸਮੂਹ ਸੁਪਰਡੰਟ, (ਪਰੀਖਿਆ-2) ਅਤੇ ਸਬੰਧਤ ਸੈਕਸ਼ਨ।

ਉਪ ਸਕੱਤਰ (ਪਰੀਖਿਆ-1)
ਪੰਜਾਬ ਸਕੂਲ ਸਿੱਖਿਆ ਬੋਰਡ

## ਪੰਜਾਬ ਸਕੂਲ ਸਿੱਖਿਆ ਬੋਰਡ

---

### ਮੈਟ੍ਰਿਕੂਲੇਸ਼ਨ (X) ਪਰੀਖਿਆ ਸਮੈਸਟਰ ਪ੍ਰਣਾਲੀ ਸਾਲ 2011-2012 ਦਾ ਪਾਸ ਫਾਰਮੂਲਾ
### (ਪੰਜਾਬ ਓਪਨ ਸਕੂਲ ਸਿੱਖਿਆ ਪ੍ਰਣਾਲੀ, ਦੂਜਾ ਸਮੈਸਟਰ)

ਹਰ ਪਰੀਖਿਆਰਥੀ ਨੇ ਇਹ ਪਰੀਖਿਆ ਪਾਸ ਕਰਨ ਲਈ ਹੇਠ ਲਿਖੇ ਅਨੁਸਾਰ ਸ਼ਰਤਾਂ ਪੂਰੀਆਂ ਕਰਨੀਆਂ ਹਨ।

(1) ਕੁੱਲ ਵਿਸ਼ੇ ਛੇ (6) ਜੋ ਪੰਜਾਬੀ ਅਤੇ ਹੇਠ ਦਰਜ ਗਰੁੱਪ "ਏ" ਅਤੇ ਗਰੁੱਪ "ਬੀ" ਵਿਚੋਂ ਹੇਠ ਦੱਸੇ ਅਨੁਸਾਰ ਲਏ ਜਾ ਸਕਦੇ ਹਨ। ਸਾਰੇ ਵਿਸ਼ਿਆਂ ਵਿੱਚ ਪਾਸ ਹੋਣਾ ਜਰੂਰੀ ਹੈ:-

(I) ਪੰਜਾਬੀ

(II) ਗਰੁੱਪ "ਏ" : ਕੋਈ ਚਾਰ ਜਾਂ ਪੰਜ ਵਿਸ਼ੇ
ਅੰਗਰੇਜੀ, ਹਿੰਦੀ, ਗਣਿਤ, ਵਿਗਿਆਨ (ਲਿਖਤੀ ਤੇ ਪ੍ਰਯੋਗੀ) ਅਤੇ ਸਮਾਜਿਕ ਸਿੱਖਿਆ।

(III) ਗਰੁੱਪ "ਬੀ" : ਕੋਈ ਇੱਕ ਵਿਸ਼ਾ, ਜੇਕਰ ਗਰੁੱਪ ਏ ਵਿਚੋਂ ਚਾਰ ਵਿਸ਼ੇ ਚੁਣੇ ਗਏ ਹਨ:-
ਕੰਪਿਊਟਰ ਸਾਇੰਸ (ਲਿਖਤੀ ਤੇ ਪ੍ਰਯੋਗੀ) ,ਸਿਹਤ ਤੇ ਸਰੀਰਕ ਸਿੱਖਿਆ (ਲਿਖਤੀ ਤੇ ਪ੍ਰਯੋਗੀ), ਮਕੈਨੀਕਲ ਡਰਾਇੰਗ ਅਤੇ ਚਿੱਤਰਕਲਾ (ਲਿਖਤੀ ਤੇ ਪ੍ਰਯੋਗੀ) ਕਟਾਈ ਤੇ ਸਿਲਾਈ (ਲਿਖਤੀ ਤੇ ਪ੍ਰਯੋਗੀ), ਖੇਤੀ ਬਾੜੀ (ਲਿਖਤੀ ਤੇ ਪ੍ਰਯੋਗੀ), ਗ੍ਰਹਿ ਵਿਗਿਆਨ (ਲਿਖਤੀ ਤੇ ਪ੍ਰਯੋਗੀ), ਸਿਹਤ ਵਿਗਿਆਨ (ਲਿਖਤੀ ਤੇ ਪ੍ਰਯੋਗੀ) ਉਰਦੂ, ਸੰਸਕ੍ਰਿਤ, ਸੰਗੀਤ (ਵਾਦਨ) (ਲਿਖਤੀ ਤੇ ਪ੍ਰਯੋਗੀ) , ਸੰਗੀਤ (ਤਬਲਾ) ਲਿਖਤੀ ਤੇ ਪ੍ਰਯੋਗੀ), ਸੰਗੀਤ((ਗਾਇਨ) (ਲਿਖਤੀ ਤੇ ਪ੍ਰਯੋਗੀ)

| | | |
|---|---|---|
| (I) | 90% ਜਾਂ ਇਸ ਤੋਂ ਉੱਪਰ | ਓ ਗਰੇਡ (ਅਤਿ ਉਤਮ) |
| (II) | 75% ਅਤੇ ਇਸ ਤੋਂ ਉੱਪਰ ਪਰੰਤੂ 90% ਤੋਂ ਘੱਟ | ਏ ਗਰੇਡ (ਉੱਤਮ) |
| (III) | 60% ਅਤੇ ਇਸ ਤੋਂ ਉੱਪਰ ਪਰੰਤੂ 75% ਤੋਂ ਘੱਟ | ਬੀ ਗਰੇਡ (ਬਹੁਤ ਅੱਛਾ) |
| (IV) | 45% ਅਤੇ ਇਸ ਤੋਂ ਉੱਪਰ ਪਰੰਤੂ 60% ਤੋਂ ਘੱਟ | ਸੀ ਗਰੇਡ (ਅੱਛਾ) |
| (V) | 33% ਅਤੇ ਇਸ ਤੋਂ ਉੱਪਰ ਪਰੰਤੂ 45% ਤੋਂ ਘੱਟ | ਡੀ ਗਰੇਡ (ਔਸਤ) |
| (VI) | 33% ਤੋਂ ਹੇਠਾਂ | ਈ ਗਰੇਡ (ਅਸੰਤੋਸ਼ਜਨਕ) |

(2) ਹਰ ਇੱਕ ਵਿਸ਼ੇ ਵਿੱਚ ਪਾਸ ਹੋਣ ਲਈ ਘੱਟੋ-ਘੱਟ 33% ਅੰਕ ਪ੍ਰਾਪਤ ਕਰਨੇ ਜ਼ਰੂਰੀ ਹਨ। ਜਿਨ੍ਹਾਂ ਵਿਸ਼ਿਆਂ ਵਿੱਚ ਲਿਖਤੀ ਤੇ ਪ੍ਰਯੋਗੀ ਦੋਵੇਂ ਪੇਪਰ ਹੋਣਗੇ, ਉਹਨਾਂ ਵਿੱਚ ਪਾਸ ਹੋਣ ਲਈ ਦੋਵੇਂ ਪੇਪਰਾਂ (ਲਿਖਤੀ ਤੇ ਪ੍ਰਯੋਗੀ) ਵਿੱਚ ਵੱਖੋ-ਵੱਖਰੇ 33% ਅੰਕ ਪ੍ਰਾਪਤ ਕਰਨੇ ਜਰੂਰੀ ਹਨ। ਓਪਨ ਸਕੂਲ ਸਿੱਖਿਆ ਪ੍ਰਣਾਲੀ ਰਾਹੀਂ ਪਰੀਖਿਆ ਦੇਣ ਵਾਲੇ ਪਰੀਖਿਆਰਥੀਆਂ ਲਈ ਵਿਸ਼ੇਵਾਰ ਸੀ. ਸੀ. ਈ/ਆਂਤਰਿਕ ਮੁੱਲਾਂਕਣ ਅਧੀਨ ਰੱਖੇ ਅੰਕ ਰੇਸ਼ੋ ਪ੍ਰੋਪੋਰਸ਼ਨ (Ratio Proportion ) ਵਿੱਚ ਵਧਾ ਕੇ ਕੁੱਲ ਪ੍ਰਾਪਤ ਅੰਕ ਦਰਸਾਏ ਜਾਣਗੇ।

(3) ਜੋ ਪਰੀਖਿਆਰਥੀ ਪੂਰੇ ਵਿਸ਼ਿਆਂ ਵਿੱਚ ਅਪੀਅਰ ਹੁੰਦੇ ਹਨ, ਉਹਨਾਂ ਨੂੰ ਕੁੱਲ ਅੰਕਾਂ ਦੇ ਇੱਕ ਪ੍ਰਤੀਸ਼ਤ ਦੇ ਹਿਸਾਬ ਨਾਲ 8 ਅੰਕਾਂ ਦੀ ਗਰੇਸ, ਫ਼ੇਲ੍ਹ ਤੋਂ ਰੀ ਅਪੀਅਰ ਬਣਾਉਣ ਲਈ ਜਾਂ ਪਰੀਖਿਆ ਪਾਸ ਕਰਨ ਲਈ ਦਿੱਤੀ ਜਾਵੇਗੀ। ਗਰੇਸ ਅੰਕ ਦੇਣ ਸਮੇਂ ਹੇਠ ਲਿਖੇ ਅਨੁਸਾਰ ਵਿਸ਼ਿਆਂ ਨੂੰ ਤਰਜੀਹ ਦਿੱਤੀ ਜਾਵੇਗੀ:-
ਪੰਜਾਬੀ, ਵਿਗਿਆਨ, ਗਣਿਤ, ਅੰਗਰੇਜੀ, ਹਿੰਦੀ, ਸਮਾਜਿਕ ਸਿੱਖਿਆ।

(4) 45%, 50% ਅਤੇ 60% ਅੰਕ ਬਣਾਉਣ ਲਈ ਵੀ 1% ਅੰਕਾਂ ਤੱਕ ਗਰੇਸ ਫਾਈਨਲ ਨਤੀਜਾ ਤਿਆਰ ਕਰਦੇ ਸਮੇਂ ਦਿੱਤੀ ਜਾਵੇਗੀ ਬਸ਼ਰਤੇ ਕਿ ਪਰੀਖਿਆਰਥੀ ਨੇ ਪਹਿਲਾਂ ਪਾਸ ਹੋਣ ਲਈ ਕੋਈ ਗਰੇਸ ਨਾ ਲਈ ਹੋਵੇ।

(5) ਕਰੈਡਿਟ ਕੈਰੀ ਦਾ ਲਾਭ ਲੈਣ ਵਾਲੇ ਪਰੀਖਿਆਰਥੀਆਂ ਦੇ ਕਰੈਡਿਟ ਕੈਰੀ ਵਾਲੇ ਵਿਸ਼ਿਆਂ ਵਿੱਚ ਪਹਿਲੇ ਅਤੇ ਦੂਜੇ ਸਮੈਸਟਰ ਵਿੱਚ ਪ੍ਰਾਪਤ ਅੰਕ ਨਹੀਂ ਦਰਸਾਏ ਜਾਣਗੇ। ਅੰਕਾਂ ਦੀ ਥਾਂ ਕੇਵਲ ਸੀ. ਸੀ. (CC) (ਕਰੈਡਿਟ ਕੈਰੀ) ਦਰਜ਼ ਕਰ ਦਿੱਤਾ ਜਾਵੇਗਾ ਅਤੇ ਫਾਈਨਲ (Cumulative) ਨਤੀਜੇ ਵਿੱਚ ਕਰੈਡਿਟ ਕੈਰੀ ਕੀਤੇ ਜਾਣ ਵਾਲੇ ਵਿਸ਼ਿਆਂ ਦੇ ਪ੍ਰਾਪਤ ਅੰਕ ਦਰਸਾ ਦਿੱਤੇ ਜਾਣਗੇ।

(6) ਕਰੈਡਿਟ ਕੈਰੀ ਕੈਟਾਗਰੀ ਅਧੀਨ ਪਰੀਖਿਆ ਦੇਣ ਵਾਲੇ ਪਰੀਖਿਆਰਥੀਆਂ ਨੂੰ ਅਪੀਅਰ ਹੋਏ ਵਿਸ਼ਿਆਂ ਦੇ ਕੁੱਲ ਅੰਕਾਂ ਦੀ 1% ਗਰੇਸ ਦਿੱਤੀ ਜਾਵੇਗੀ। ਗਰੇਸ ਅੰਕ ਦੇਣ ਲਈ ਵਿਸ਼ਿਆਂ ਦੀ ਤਰਜੀਹ ਲੜੀ ਨੰਬਰ 3 ਅਨੁਸਾਰ ਹੋਵੇਗੀ। ਜੇਕਰ ਕਿਸੇ ਪਰੀਖਿਆਰਥੀ ਦੇ ਅਪੀਅਰ ਵਿਸ਼ਿਆਂ ਦੇ ਕੁੱਲ ਅੰਕਾਂ ਅਨੁਸਾਰ ਗਰੇਸ ਅੰਕ ਡੈਸੀਮਲ ਵਿੱਚ

ਪ੍ਰਾਪਤ ਹੁੰਦੀ ਹੈ ਤਾਂ .5 ਜਾਂ ਇਸ ਤੋਂ ਉੱਪਰ ਵਾਲੇ ਅੰਕਾਂ ਨੂੰ ਰਾਊਂਡ-ਅੱਪ ਕੀਤਾ ਜਾਵੇਗਾ ।

(7)(ੳ) ਜੇਕਰ ਕਿਸੇ ਪਰੀਖਿਆਰਥੀ ਦਾ ਸਮੈਸਟਰ I ਦਾ ਨਤੀਜਾ Cancel ਜਾਂ R.L.E ਘੋਸ਼ਿਤ ਕੀਤਾ ਗਿਆ ਹੈ ਅਤੇ ਉਸ ਪਰੀਖਿਆਰਥੀ ਵੱਲੋਂ ਦੂਜੇ ਸਮੈਸਟਰ ਦੀ ਪਰੀਖਿਆ ਦਿੱਤੀ ਗਈ ਹੈ ਤਾਂ ਉਸ ਦਾ Cumulative ਨਤੀਜਾ ਰੱਦ ਘੋਸ਼ਿਤ ਕੀਤਾ ਜਾਵੇਗਾ।

(ਅ) ਜਿਸ ਪਰੀਖਿਆਰਥੀ ਦਾ ਸਮੈਸਟਰ I ਦਾ ਨਤੀਜਾ R.L (UMC) ਘੋਸ਼ਿਤ ਕੀਤਾ ਗਿਆ ਹੈ, ਉਸ ਦਾ ਨਤੀਜਾ ਯੂ. ਐੱਮ. ਸੀ ਕਮੇਟੀ ਦੇ ਫੈਸਲੇ ਅਨੁਸਾਰ ਹੀ ਘੋਸ਼ਿਤ ਕੀਤਾ ਜਾਵੇਗਾ।

(ੲ) ਜੇਕਰ ਸਮੈਸਟਰ I ਵਿੱਚ ਪਰੀਖਿਆਰਥੀ ਦਾ ਨਤੀਜਾ ਗੈਰ ਹਾਜ਼ਰ ਘੋਸ਼ਿਤ ਕੀਤਾ ਗਿਆ ਹੈ ਅਤੇ ਉਸ ਨੇ ਕੇਵਲ ਸਮੈਸਟਰ II ਦੀ ਪਰੀਖਿਆ ਦਿੱਤੀ ਹੈ ਤਾਂ ਸਮੈਸਟਰ II ਵਿੱਚ ਰੀ ਅਪੀਅਰ ਜਾਂ ਪਾਸ ਹੋਣ ਦੀ ਸੂਰਤ ਵਿੱਚ ਉਸ ਨੂੰ ਪਹਿਲੇ ਸਮੈਸਟਰ ਦੀ ਪਰੀਖਿਆ, ਦਿੱਤੇ ਗਏ ਲਗਾਤਾਰ ਛੇ ਮੌਕਿਆਂ ਵਿੱਚ ਪਾਸ ਕਰਨੀ ਲਾਜ਼ਮੀ ਹੋਵੇਗੀ।

(8) ਪਹਿਲੇ ਅਤੇ ਦੂਜੇ ਸਮੈਸਟਰ ਦੇ ਕੁੱਲ ਅੰਕ (520+780) =1300 ਹੋਣਗੇ।

(9) ਪਹਿਲੇ ਸਮੈਸਟਰ ਵਿੱਚ ਪਰੀਖਿਆਰਥੀ, ਜਿਨ੍ਹਾਂ ਵਿਸ਼ਿਆਂ ਵਿੱਚ ਫ਼ੇਲ ਹੁੰਦਾ ਹੈ, ਉਨ੍ਹਾਂ ਵਿਸ਼ਿਆਂ ਵਿੱਚ ਉਸ ਦੀ ਰੀ ਅਪੀਅਰ ਦਰਸਾਈ ਜਾਵੇਗੀ। ਇਹ ਪਰੀਖਿਆਰਥੀ ਦੂਜੇ ਸਮੈਸਟਰ ਦੇ ਨਾਲ-ਨਾਲ ਪਹਿਲੇ ਸਮੈਸਟਰ ਦੀ ਜਿਨ੍ਹਾਂ ਵਿਸ਼ਿਆਂ ਵਿੱਚ ਉਸਦੀ ਰੀ ਅਪੀਅਰ ਦਰਸਾਈ ਗਈ ਹੈ, ਦੀ ਵੀ ਪਰੀਖਿਆ ਦੇਵੇਗਾ। ਰੀ-ਅਪੀਅਰ ਕਲੀਅਰ ਕਰਨ ਲਈ ਪਰੀਖਿਆਰਥੀ ਨੂੰ ਲਗਾਤਾਰ ਅਗਲੇ ਆਉਣ ਵਾਲੇ ਸਮੈਸਟਰਾਂ ਵਿੱਚ ਛੇ ਮੌਕੇ ਦਿੱਤੇ ਜਾਣਗੇ। ਇਹ ਸ਼ਰਤ ਦੂਜੇ ਸਮੈਸਟਰ ਤੇ ਵੀ ਲਾਗੂ ਹੋਵੇਗੀ।

(10) ਪਹਿਲੇ ਸਮੈਸਟਰ ਵਿੱਚ ਅਸਫਲ ਹੋਣ ਜਾਂ ਰੀ ਅਪੀਅਰ ਆਉਣ ਤੇ ਪਰੀਖਿਆਰਥੀ ਦੂਸਰੇ ਸਮੈਸਟਰ ਦੀ ਪਰੀਖਿਆ ਦੇ ਨਾਲ-ਨਾਲ ਪਹਿਲੇ ਸਮੈਸਟਰ ਦੀ ਕ੍ਰਮਵਾਰ ਪੂਰੇ ਵਿਸ਼ਿਆਂ ਜਾਂ ਰੀ ਅਪੀਅਰ ਵਿਸ਼ਿਆਂ ਦੀ ਪਰੀਖਿਆ ਵੀ ਦੇ ਸਕੇਗਾ ।

(11) ਪਹਿਲੀ ਵਾਰ ਰੀ ਅਪੀਅਰ ਆਉਣ ਤੇ ਪਰੀਖਿਆਰਥੀ ਅਗਲੀਆਂ 6 ਲਗਾਤਾਰ ਸਮੈਸਟਰਵਾਰ ਪਰੀਖਿਆਵਾਂ ਦੌਰਾਨ ਪਰੀਖਿਆ ਪਾਸ ਕਰ ਸਕੇਗਾ। ਜੇਕਰ ਮਿਥੇ ਸਮੇਂ ਦੌਰਾਨ ਪਰੀਖਿਆ ਪਾਸ ਨਹੀਂ ਕਰਦਾ ਤਾਂ ਉਸ ਦਾ ਨਤੀਜਾ ਫ਼ੇਲ੍ਹ ਘੋਸ਼ਿਤ ਕੀਤਾ ਜਾਵੇਗਾ।

(12) ਕਿਸੇ ਵੀ ਵਿਵਾਦ ਦੀ ਸੂਰਤ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਲਿਆ ਨਿਰਣਾ ਅੰਤਿਮ ਹੋਵੇ ਗਾ ।

ਡਾ: ਬਲਵਿੰਦਰ ਸਿੰਘ
ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ

ਮਿਤੀ:01-06-2012

ਪਿੱਠ ਅੰਕਣ ਨੰਬਰ:ਪਸਸਬ/ਓਸ/ਪਰੀ-1/-3306 ਮਿਤੀ ਸਾਹਿਬਜ਼ਾਦਾ ਅਜੀਤ ਸਿੰਘ ਨਗਰ :01-06-2012

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

(1) ਨਿਜੀ ਸਕੱਤਰ ਟੂ ਸਕੱਤਰ, (ਸਕੱਤਰ ਜੀ ਦੀ ਸੂਚਨਾ ਹਿੱਤ) ।
(2) ਸੁਪਰਡੰਟ, ਕੰਟਰੋਲਰ ਦਫ਼ਤਰ, (ਕੰਟਰੋਲਰ ਪਰੀਖਿਆਵਾਂ ਜੀ ਦੀ ਸੂਚਨਾ ਹਿੱਤ)।
(3) ਡਿਪਟੀ ਡਾਇਰੈਕਟਰ (ਏ. ਪੀ. ਸ਼ਾਖਾ)।
(4) ਡਿਪਟੀ ਡਾਇਰੈਕਟਰ (ਕੰਪਿਊਟਰ)।
(5) ਉਪ ਸਕੱਤਰ, (ਪਰੀਖਿਆ-2)।
(6) ਸਹਾਇਕ ਸਕੱਤਰ, (ਪਰੀਖਿਆ -2), (1 ਅਤੇ 2)।
(7) ਸਹਾਇਕ ਸਕੱਤਰ, (ਪਰੀਖਿਆ-1), (1 ਅਤੇ 2)।
(8) ਸਮੂਹ ਸੁਪਰਡੰਟ, (ਪਰੀਖਿਆ-1) ਅਤੇ ਸਬੰਧਤ ਸੈਕਸ਼ਨ।
(9) ਸਮੂਹ ਸੁਪਰਡੰਟ, (ਪਰੀਖਿਆ-2) ਅਤੇ ਸਬੰਧਤ ਸੈਕਸ਼ਨ।

ਉਪ ਸਕੱਤਰ (ਪਰੀਖਿਆ-1)
ਪੰਜਾਬ ਸਕੂਲ ਸਿੱਖਿਆ ਬੋਰਡ

# ਪੰਜਾਬ ਸਕੂਲ ਸਿੱਖਿਆ ਬੋਰਡ

**ਵਿਸ਼ਾ:-** **ਬਾਰਵੀਂ ਪ੍ਰੀਖਿਆ ਸਾਲ 2011-12 ਦਾ ਪਾਸ ਫਾਰਮੂਲੇ ਵਿੱਚ ਸੋਧ ਸੰਬੰਧੀ।**

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਂਦੀ ਹੈ:-

1. ਪਹਿਲੇ ਸਮੈਸਟਰ ਵਿੱਚ ਜਿਹਨਾਂ ਵਿਸ਼ਿਆਂ ਵਿਚ ਪ੍ਰੀਖਿਆਰਥੀ ਫੇਲ ਹੁੰਦਾ ਹੈ ਉਹਨਾਂ ਵਿਸ਼ਿਆਂ ਵਿਚ ਉਸਦੀ ਰੀ-ਅਪੀਅਰ ਦਰਸਾਈ ਜਾਵੇਗੀ । ਉਸ ਸਮੈਸਟਰ ਦੀ ਰੀਅਪੀਅਰ ਨੂੰ ਕਲੀਅਰ ਕਰਨ ਲਈ ਲਗਾਤਾਰ ਅਗਲੇ ਆਉਣ ਵਾਲੇ ਸਮੈਸਟਰ ਵਿਚ ਦੋ ਮੌਕੇ ਦਿੱਤੇ ਜਾਣਗੇ । ਵਾਧੂ ਵਿਸ਼ੇ ਵਿਚ ਰੀ-ਅਪੀਅਰ ਨਹੀਂ ਦਰਸਾਈ ਜਾਵੇਗੀ । ਦੂਜੇ ਸਮੈਸਟਰ ਦੀ ਪ੍ਰੀਖਿਆ ਦੇ ਨਾਲ ਨਾਲ ਪਹਿਲੇ ਸਮੈਸਟਰ ਦੇ ਕੇਵਲ ਉਹਨਾਂ ਵਿਸ਼ਿਆਂ ਦੀ ਹੀ ਪ੍ਰੀਖਿਆ ਦੇਵੇਗਾ ਜਿਹਨਾਂ ਵਿਸ਼ਿਆਂ ਵਿਚ ਉਸਦੀ ਰੀ-ਅਪੀਅਰ ਦਰਸਾਈ ਗਈ ਹੈ। ਜੇਕਰ ਪ੍ਰੀਖਿਆਰਥੀ ਦਿੱਤੇ ਗਏ ਮੌਕਿਆਂ ਦੌਰਾਨ ਰੀ-ਅਪੀਅਰ ਪਾਸ ਨਹੀਂ ਕਰਦਾ ਤਾਂ ਉਸਦਾ ਨਤੀਜਾ ਫੇਲ ਘੋਸ਼ਿਤ ਕਰ ਦਿੱਤਾ ਜਾਵੇਗਾ।

2. ਦੂਜੇ ਸਮੈਸਟਰ ਵਿੱਚ ਵੀ ਪ੍ਰੀਖਿਆਰਥੀ ਦੀ ਇੱਕ ਤੋਂ ਵੱਧ ਵਿਸ਼ਿਆਂ ਵਿੱਚ ਰੀ-ਅਪੀਅਰ ਹੀ ਦਰਸਾਈ ਜਾਵੇਗੀ ਅਤੇ ਇੱਕ ਵਿਸ਼ੇ ਵਿੱਚ ਫੇਲ ਹੋਣ ਤੇ ਨਤੀਜਾ ਕੰਪਾਰਟਮੈਂਟ ਘੋਸ਼ਿਤ ਕੀਤਾ ਜਾਵੇਗਾ। ਵਾਧੂ ਵਿਸ਼ੇ ਵਿਚ ਰੀ-ਅਪੀਅਰ ਨਹੀਂ ਦਰਸਾਈ ਜਾਵੇਗੀ। ਜੇਕਰ ਪ੍ਰੀਖਿਆਰਥੀ ਦਿੱਤੇ ਗਏ ਮੌਕਿਆਂ ਦੌਰਾਨ ਰੀਅਪੀਅਰ ਕਲੀਅਰ ਨਹੀਂ ਕਰਦਾ ਤਾਂ ਉਸਦਾ ਨਤੀਜ਼ਾ ਫੇਲ੍ਹ ਘੋਸ਼ਿਤ ਕਰ ਦਿੱਤਾ ਜਾਵੇਗਾ।

3. ਜੇਕਰ ਕੰਪਾਰਟਮੈਂਟ ਵਿਸ਼ੇ ਦੇ ਅੰਕ 20% ਤੋਂ ਘੱਟ ਹਨ ਅਤੇ ਜੇਕਰ ਗਰੇਸ ਦੇ ਅੰਕ ਬਚਦੇ ਹਨ ਤਾਂ ਇਹ ਬਚਦੇ ਅੰਕ ਦੇ ਕੇ 20% ਬਣਾ ਦਿੱਤੇ ਜਾਣਗੇ।

Singh

ਸਕੱਤਰ